Punjabi

ਪਿਆਰੇ ਮਾਪੇ ਅਤੇ ਸੰਭਾਲਕਰਤਾ,

ਮੈਨੂੰ ਖੁਸ਼ੀ ਹੈ ਕਿ ਅਸੀਂ ਵਿਦਿਆਰਥੀਆਂ ਨੂੰ ਇਸ ਹਫਤੇ ਉਨ੍ਹਾਂ ਦੀ ਸਿੱਖਿਆ ਅਸਥਾਨ 'ਤੇ ਵਾਪਸੀ 'ਤੇ ਸਵਾਗਤ ਕਰਨ ਦੇ ਯੋਗ ਹੋਏ। ਸਿਰਫ ਸਿੱਖਣ ਲਈ ਹੀ ਨਹੀਂ, ਬਲਕਿ ਸਾਡੇ ਬੱਚਿਆਂ ਦੀ ਮਾਨਸਿਕ ਸਿਹਤ ਲਈ ਵੀ ਸਿੱਖਿਆ ਵਾਲੀ ਥਾਂ 'ਤੇ ਸਿੱਖਿਆ ਪ੍ਰਾਪਤ ਕਰਨਾ ਮਹੱਤਵਪੂਰਨ ਹੈ।

ਸਕੂਲ ਵਾਪਸ ਆਉਣ ਬਾਰੇ ਹੋਰ ਜਾਣਕਾਰੀ ਲਈ, ਸਾਡੇ ਵੈਬ ਪੇਜ School arrangements - back to school (COVID-19) (leicester.gov.uk) ਤੇ ਜਾਓ।

ਮੈਂ ਤੁਹਾਨੂੰ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਹਾਲਾਂਕਿ ਸਕੂਲ ਵਿਦਿਆਰਥੀਆਂ ਲਈ ਖੁੱਲ੍ਹੇ ਹਨ, ਪਰ ਫਿਰ ਵੀ ਸਾਨੂੰ ਰਾਸ਼ਟਰੀ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨੀ ਪਏਗੀ। ਇਹ ਪਾਬੰਦੀਆਂ ਤੁਹਾਡੀ ਅਤੇ ਤੁਹਾਡੇ ਅਜ਼ੀਜ਼ਾਂ ਦੀ ਰੱਖਿਆ ਕਰਨ ਅਤੇ ਕੋਰੋਨਾਵਾਇਰਸ ਦੇ ਫੈਲਣ ਨੂੰ ਘਟਾਉਣ ਲਈ ਹਨ।

- ਦਰਵਾਜਿਆਂ ਦੇ ਅੰਦਰਲੀਆਂ ਜਗ੍ਹਾਵਾਂ ਵਿੱਚ ਤੁਹਾਨੂੰ ਕਿਸੇ ਵੀ ਅਜਿਹੇ ਵਿਅਕਤੀ ਨਾਲ ਮਿਲਣ ਜੁਲਣ ਦੀ ਆਗਿਆ ਨਹੀਂ ਹੈ ਜੋ ਤੁਹਾਡੇ ਨਾਲ ਨਹੀਂ ਰਹਿੰਦਾ, ਇਸ ਵਿੱਚ ਜਨਮਦਿਨ ਦੀਆਂ ਪਾਰਟੀਆਂ ਅਤੇ ਪਲੇ ਡੇਟਾਂ ਆਦਿ ਸ਼ਾਮਲ ਹਨ।
- ਦਰਵਾਜਿਆਂ ਦੇ ਬਾਹਰਲੀਆਂ ਥਾਵਾਂ ਤੇ ਤੁਹਾਨੂੰ ਕਿਸੇ ਹੋਰ ਘਰ ਦੇ ਸਿਰਫ ਇੱਕ ਵਿਅਕਤੀ ਨੂੰ ਮਿਲਣ ਦੀ ਆਗਿਆ ਹੈ

ਇਹ ਵਾਰ-ਵਾਰ ਆਪਣੇ ਹੱਥ ਧੋਣ, ਜਿਥੇ ਜ਼ਰੂਰੀ ਹੋਵੇ ਚਿਹਰੇ ਨੂੰ ਢੱਕਣ ਅਤੇ ਸਮਾਜਕ ਦੂਰੀ ਬਣਾਈ ਰੱਖਣ ਦੀ ਪ੍ਰਮੁੱਖ ਸਿਹਤ ਸਲਾਹ ਦੇ ਇਲਾਵਾ ਹੈ; ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਘਰ ਰਹਿਣਾ ਚਾਹੀਦਾ ਹੈ।

ਸਰਕਾਰ ਦੀ ਯੋਜਨਾ ਅਤੇ ਸੰਕੇਤਕ ਤਰੀਕਾਂ ਸੰਬੰਧੀ ਹੋਰ ਵੇਰਵਿਆਂ ਲਈ, ਸਰਕਾਰ ਦੀ ਵੈਬਸਾਈਟ 'ਤੇ ਜਾਓ COVID-19 Response - Spring 2021 - GOV.UK (www.gov.uk)

ਕਿਰਪਾ ਕਰਕੇ ਯਾਦ ਰੱਖੋ ਕਿ ਇਹ ਤਰੀਕਾਂ ਨਿਸ਼ਚਤ ਨਹੀਂ ਹਨ ਅਤੇ ਬਦਲ ਸਕਦੀਆਂ ਹਨ ਜੇ ਕੋਰੋਨੈਵਾਇਰਸ ਦੀ ਸਥਿਤੀ ਨਹੀਂ ਬਦਲਦੀ ਜਾਂ ਵਿਗੜ ਜਾਂਦੀ ਹੈ।

ਮੈਂ ਹੁਣ ਤੱਕ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਤੁਹਾਡਾ ਧੰਨਵਾਦ ਕਰਨਾ ਚਾਹੁੰਦਾ ਹਾਂ। ਮੈਂ ਜਾਣਦਾ ਹਾਂ ਕਿ ਇਹ ਸਾਡੇ ਸਾਰਿਆਂ ਵਿੱਚੋਂ ਕਿਸੇ ਲਈ ਵੀ ਸੌਖਾ ਨਹੀਂ ਰਿਹਾ ਹੈ ਅਤੇ ਅਸੀਂ ਸਾਰੇ ਕਿਸੇ ਨਾ ਕਿਸੇ ਤਰਾਂ ਦੇ ਸਧਾਰਣ ਰੂਪ ਦੇ ਜੀਵਨ ਦੀ ਵਾਪਸੀ ਚਾਹੁੰਦੇ ਹਾਂ। ਜੇ ਅਸੀਂ ਦਿਸ਼ਾ ਨਿਰਦੇਸ਼ਾਂ ਦਾ ਪਾਲਣ ਕਰਨਾ ਜਾਰੀ ਰੱਖਦੇ ਹਾਂ ਅਤੇ ਕੁਝ ਦੇਰ ਲਈ ਹੋਰ ਮਿਲਣਾ ਜੁਲਣਾ ਬੰਦ ਰੱਖਦੇ ਹਾਂ, ਤਾਂ ਇੱਕ ਆਮ ਤਰਾਂ ਦੇ ਗਰਮੀਆਂ ਦੇ ਮੌਸਮ ਦੀਆਂ ਸਾਡੀਆਂ ਉਮੀਦਾਂ ਹਕੀਕਤ ਬਣ ਸਕਦੀਆਂ ਹਨ।

ਤੁਹਾਡਾ ਵਫ਼ਾਦਾਰ

ਇਵਾਨ ਬ੍ਰਾਉਨ

ਡਾਇਰੈਕਟਰ ਪਬਲਿਕ ਹੈਲਥ, ਲੈਸਟਰ ਸਿਟੀ ਕੌਂਸਲ